State of California—Health and Human Services Agency
Department of Health Care Services

WILL LIGHTBOURNE
*DIRECTOR*

GAVIN NEWSOM
*GOVERNOR*

# ਬਜ਼ੁਰਗਾਂ, ਨੇਤਰਹੀਨਾਂ ਅਤੇ ਅਪਾਹਜਾਂ ਲਈ ਸੰਘੀ ਗਰੀਬੀ ਪੱਧਰ ਪ੍ਰੋਗਰਾਮ ਦਾ ਵਿਸਥਾਰ

## ਤੁਹਾਡੇ ਸਿਹਤ ਬੀਮਾ ਬਾਰੇ ਮਹੱਤਵਪੂਰਣ ਜਾਣਕਾਰੀ

ਪਿਆਰੇ ਲਾਭਪਾਤਰੀ,

**ਚੰਗੀ ਖ਼ਬਰ!**
California ਦਾ ਇੱਕ ਨਵਾਂ ਕਾਨੂੰਨ ਪਾਸ ਹੋ ਗਿਆ ਹੈ. ਇਹ ਤੁਹਾਡੇ Medi-Cal ਲਾਭਾਂ ਨੂੰ ਬਦਲ ਸਕਦਾ ਹੈ. ਤੁਸੀਂ ਜਲਦੀ ਹੀ ਮੁਫਤ Medi-Cal ਦੇ ਯੋਗ ਹੋ ਸਕਦੇ ਹੋ**.**

**1 ਦਸੰਬਰ**, **2020 ਤੋਂ,** California ਦੇ ਨਵੇਂ ਕਾਨੂੰਨ ਅਨੁਸਾਰ ਬਜ਼ੁਰਗ**,** ਨੇਤਰਹੀਨ ਅਤੇ ਅਪਾਹਜ ਸੰਘੀ ਗਰੀਬੀ ਪੱਧਰ ਦੇ ਪ੍ਰੋਗਰਾਮ ਲਈ ਮਹੀਨਾਵਾਰ ਆਮਦਨੀ ਦੀ ਹੱਦ ਵਧਾ ਦਿੱਤੀ ਗਈ ਹੈ. ਇਸਦਾ ਅਰਥ ਹੈ ਕਿ ਵਧੇਰੇ ਬਿਨੈਕਾਰ ਅਤੇ ਲਾਭਪਾਤਰੀ ਮੁਫਤ Medi-Cal ਲਈ ਯੋਗ ਹੋ ਜਾਣਗੇ.

**ਅੱਗੇ ਕੀ ਹੋਵੇਗਾ?**
ਤੁਹਾਡੇ Medi-Cal ਲਾਭ ਇਸ ਸਮੇਂ ਨਹੀਂ ਬਦਲਣਗੇ. ਤੁਹਾਨੂੰ ਹੁਣੇ ਕੁਝ ਵੀ ਕਰਨ ਦੀ ਜ਼ਰੂਰਤ **ਨਹੀਂ ਹੈ**. ਤੁਹਾਨੂੰ Medi-Cal ਦੀ ਨਵੀਂ ਅਰਜ਼ੀ ਭਰਨ ਦੀ ਜ਼ਰੂਰਤ **ਨਹੀਂ ਹੈ**. ਤੁਹਾਡਾ ਸਾਲਾਨਾ Medi-Cal ਨਵੀਨੀਕਰਣ ਅਜੇ ਵੀ ਚੱਲਦਾ ਰਹੇਗਾ. ਜੇ ਤੁਸੀਂ ਡਾਕ ਦੁਆਰਾ ਨਵੀਨੀਕਰਨ ਪੈਕੇਟ ਪ੍ਰਾਪਤ ਕਰਦੇ ਹੋ ਤਾਂ ਉਸ ਨੂੰ ਭਰੋ. ਲੋੜੀਂਦੇ ਸਬੂਤ ਦੇ ਨਾਲ ਇਸਨੂੰ ਆਪਣੀ ਕਾਉਂਟੀ ਵਿੱਚ ਭੇਜੋ.

ਜੇ ਤੁਸੀਂ ਇਸ ਸਮੇਂ Medi-Cal ਲਿਆ ਹੋਇਆ ਹੈ ਅਤੇ ਤੁਹਾਨੂੰ ਇਹ ਪੱਤਰ ਮਿਲਿਆ ਹੈ**,** ਤਾਂ ਤੁਹਾਡੀ ਨਵੇਂ ਕਾਨੂੰਨ ਦੇ ਤਹਿਤ ਯੋਗਤਾ ਦੀ ਜਾਂਚ ਕੀਤੀ ਜਾਵੇਗੀ. ਜੇ ਤੁਸੀਂ ਮੁਫਤ Medi-Cal ਲਈ ਯੋਗ ਪਾਏ ਜਾਂਦੇ ਹੋ**,** ਤਾਂ ਤੁਹਾਨੂੰ ਡਾਕ ਰਾਹੀਂ ਇੱਕ ਪੱਤਰ ਮਿਲੇਗਾ. ਪੱਤਰ ਤੁਹਾਨੂੰ ਬਦਲਾਵ ਬਾਰੇ ਦੱਸੇਗਾ.

ਬਦਲਾਵ ਬਾਰੇ ਵਧੇਰੇ ਜਾਣਕਾਰੀ ਲਈ ਇਸ ਪੱਤਰ ਨਾਲ ਆਏ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ (FAQs) ਪੜ੍ਹੋ. ਤੁਸੀਂ ਮਨਪਸੰਦ ਫ਼ੋਰਮੈਟ ਵਿੱਚ ਇਸਤੇਮਾਲ ਹੋਣ ਵਾਲੀ ਸਮੱਗਰੀ ਦੀ ਮੰਗ ਕਰ ਸਕਦੇ ਹੋ. ਇਹ ਹਨ ਬ੍ਰੇਲ**,** ਵੱਡਾ ਪ੍ਰਿੰਟ ਸਾਈਜ਼**,** ਆਡੀਓ ਜਾਂ ਡਾਟਾ ਸੀਡੀ ਜਾਂ ਲੋੜ ਪੈਣ ਤੇ ਕੋਈ ਵੀ ਹੋਰ ਫਾਰਮੈਟ.

**ਪ੍ਰਸ਼ਨ?**
ਜੇ ਤੁਸੀਂ ਕੋਈ ਪ੍ਰਸ਼ਨ ਪੁਛਣਾ ਚਾਹੁੰਦੇ ਹੋ ਜਾਂ ਤੁਹਾਨੂੰ ਮੁਫਤ ਦੁਭਾਸ਼ੀਏ ਦੀ ਸੇਵਾਵਾਂ ਦੀ ਲੋੜ ਹੈ**,** ਤਾਂ Medi-Cal ਹੈਲਪਲਾਈਨ ਨੂੰ 1-800-541-5555 (TTY 1-800-430-7077) 'ਤੇ ਕਾਲ ਕਰੋ. ਕਾਲ ਮੁਫਤ ਹੋਵੇਗੀ. ਜਾਂ ਸਾਨੂੰ ABDexpansion@dhcs.ca.gov 'ਤੇ ਈਮੇਲ ਕਰੋ.

ਧੰਨਵਾਦ,
Department of Health Care Services